# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **19.08.2019**

# ਦੀ ਕਾਰਵਾਈ

(ਮਤਾ ਨੰ: **122-136**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 19.8.2019 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ................. ਮੈਂਬਰ
4. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

19.8.2019

**ਮਤਾ ਨੰਬਰ:**-122

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 25.07.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 25.7.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 25.7.2019 ਨੂੰ ਸੀ.ਈ.ਓ. ਸਮਾਰਟ ਸਿਟੀ ਵਲੋਂ ਕਮੇਟੀ ਨੂੰ ਜਾਣੂ ਕਰਵਾਇਆ ਗਿਆ ਸੀ ਕਿ ਐਲ.ਈ.ਡੀ. ਲਾਈਟਾਂ ਦੇ ਟੈਂਡਰ ਅਗੱਸਤ, 2019 ਵਿੱਚ ਖੁਲ੍ਹਣੇ ਹਨ ਅਤੇ ਆਰ.ਐਫ.ਪੀ. ਦੀਆਂ ਕੰਡੀਸ਼ਨਜ ਅਨੁਸਾਰ ਲਗਾਈਆਂ ਜਾਣ ਵਾਲੀਆਂ ਲਾਈਟਾਂ ਦੀ ਮੇਨਟੀਨੈਂਸ ਜਿਹੜੀ ਕਿ ਪੂਰੀਆਂ ਲਾਈਟਾਂ ਲੱਗ ਜਾਣ ਬਾਅਦ ਸ਼ੁਰੂ ਹੋਣੀ ਹੈ, ਸਬੰਧੀ ਐਸਕਰੋ ਅਕਾਊਂਟ ਖੋਲ੍ਹਣ ਦੀ ਹੈ, ਜਿਸ ਲਈ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ । ਕਮੇਟੀ ਵਲੋਂ ਸਰਵਸੰਮਤੀ ਨਾਲ ਫੈਸਲਾ ਕੀਤਾ ਗਿਆ ਸੀ ਕਿ ਇਸ ਅਕਾਂਉਂਟ ਖੋਲ੍ਹਣ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੇਅਰ ਜੀ ਵਲੋਂ ਮੰਜੂਰੀ ਦੇ ਦਿੱਤੀ ਜਾਵੇ ।ਇਸ ਦੇ ਨਾਲ ਇਹ ਵੀ ਫੈਸਲਾ ਹੋਇਆ ਸੀ ਕਿ ਐਲ.ਈ.ਡੀ. ਲਾਈਟਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਵਾਸਤੇ ਪੰਜ ਕਰੋੜ ਰੁਪਏ ਹਰ ਸਾਲ ਨਗਰ ਨਿਗਮ ਜਲੰਧਰ ਵਲੋਂ ਇਸ ਖੋਲ੍ਹੇ ਜਾਣ ਵਾਲੇ ਐਸਕਰੋ ਅਕਾਊਂਟ ਵਿੱਚ ਪਾਏ ਜਾਣਗੇ । ਇਹਨਾਂ ਤਰਮੀਮਾਂ ਨਾਲ ਪਿਛਲੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

19.8.2019

ਮਤਾ ਨੰਬਰ:-123

ਵਿਸ਼ਾ:- ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐੈਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No | W. No | Name of Work | Est. Amt. | B O Q Amt | Saving %age | Tender Amt. | Name of Agency | Tender called | No. of Valid Tender Received | House Resolution |
|---|---|---|---|---|---|---|---|---|---|---|
| **Urban Environment Improvement Programme Funds** | | | | | | | | | | |
| 1. | 09 | P/F interlocking tile in Beant Nagar Part-I. | 28.62 | 28.62 | 28.65 | 20.42 | Punjab Engg.Co-op LC Society | 1st | 04 | Anticipation 26.02.19 |
| 2. | 08 | P/F interlocking tiles in balance streets of Datar Nagar. | 20.55 | 20.55 | 28.65 | 14.66 | Punjab Engg. Co-op LC Society | 1st | 05 | Anticipation 26.02.19 |
| 3. | 05 | Const. of CC flooring in street near Shamshan Bhumi in Industrial Estate. | 16.67 | 16.67 | 23.50 | 12.75 | Bhagwati Co-op LC Society | 1st | 03 | Anticipation 26.02.19 |
| 4. | Gen. | Const. of street at Aladinpur. | 20.79 | 20.79 | 21.00 | 16.42 | Inderprast Co-op LC Society | 1st | 03 | Anticipation 26.02.19 |
| **MC Fund** | | | | | | | | | | |
| 5. | Gen. | P/L of RMC M-30 on road of BSNL Exchange adjoining D.C. Office Complex. | 77.65 | 77.65 | 8.87 | 70.76 | Moga LC Co-op Society | 3rd | 02 | Anticipation 09.01.19 |
| 6. | Gen. | P/L of RMC M-35 on road of Luv-Kush Chowk to Shri Ram Chowk. | 76.39 | 75.47 | 1.84% | 74.08 | Rajesh Bansal | 3rd | 01 | 100(95) 25.06.18 |
| 7. | 72 | P/L of 50mm BM & 20mm PC on road along minor distributory left side along canal Babu Labh Singh Nagar | 37.28 | 35.80 | 2.08% | 35.06 | Satish Aggarwal & Co. | 4th | 1 | 99(77) 25.6.18 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐੈਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ,

ਮੇਅਰ

19.8.2019

**ਮਤਾ ਨੰਬਰ:-124**

ਵਿਸ਼ਾ:- ਕਨਸਟਰਕਸ਼ਨ ਆਫ ਸਟਰੀਟਸ ਐਟ ਦੀਪ ਨਗਰ। ਗਰਾਂਟ (ਸ਼ਹਿਰੀ ਵਾਤਾਰਵਰਣ ਵਿਕਾਸ ਪ੍ਰੋਗਰਾਮ) (ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁ: 30.03 ਲੱਖ ਟੈਂਡਰ ਰਕਮ ਰੁ: 24.44 ਲੱਖ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਮਿਤੀ 23.7.2019 ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦੇ ਟੈਂਡਰ ਐਨ.ਆਈ.ਟੀ. ਨੰ:472 ਮਿਤੀ:26.02.2019 ਰਾਹੀਂ ਮੰਗੇ ਗਏ ਸਨ। ਇਸ ਕੰਮ ਦੀ ਤਕਨੀਕੀ ਬਿਡ ਮਿਤੀ:21.06.2019 ਨੂੰ ਖੋਲ੍ਹੀ ਗਈ ਅਤੇ ਵਿੱਚ ਕੁੱਲ 7 ਸੋਸਾਇਟੀਆਂ ਵੱਲੋਂ ਭਾਗ ਲਿਆ ਗਿਆ, ਪਰੰਤੂ 2 ਸੋਸਾਇਟੀਆਂ ਦੇ ਦਸਤਾਵੇਜਾਂ ਵਿੱਚ ਤਰੁੱਟੀ ਹੋਣ ਕਾਰਨ ਇਹਨਾਂ ਸੋਸਾਇਟੀਆਂ ਦੀ ਤਕਨੀਕੀ ਬਿਡ ਰੱਦ ਕਰ ਦਿੱਤੀ ਗਈ ਅਤੇ ਬਕਾਇਆ ਰਹਿੰਦੀਆਂ 5 ਸੋਸਾਇਟੀਆਂ ਦੀ ਵਿੱਤੀ ਬਿਡ ਮਿਤੀ:15.07.2019 ਨੂੰ ਖੋਲ੍ਹੀ ਗਈ, ਜਿਸ ਵਿੱਚ 2 ਸੋਸਾਇਟੀਆਂ ਦਾਨਿਸ਼ਮੰਦਾ ਸਹਿਕਾਰੀ ਕਿਰਤ ਤੇ ਉਸਾਰੀ ਸਭਾ ਅਤੇ ਭਗਵਤੀ ਸਹਿਕਾਰੀ ਕਿਰਤ ਤੇ ਉਸਾਰੀ ਸਭਾ ਦੇ ਰੇਟ 24.99% ਸਭ ਤੋਂ ਘੱਟ ਪਾਏ ਗਏ ਸਨ। ਇਹਨਾਂ **2 ਸੋਸਾਇਟੀਆਂ ਦੇ ਰੇਟ ਬਰਾਬਰ ਹਨ,** ਇਸ ਲਈ ਇਸ ਟੈਂਡਰ ਤੇ ਯੋਗ ਫੈਸਲਾ ਲੈਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਹਿੱਤ ਪੇਸ਼ ਹੈ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 24.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 25.7.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 27.7.19 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਦੋਵੇਂ ਠੇਕੇਦਾਰਾਂ /ਅਜੰਸੀਆਂ ਨਾਲ ਹੋਰ ਰੇਟ ਘਟਾਉਣ ਲਈ ਨੈਗੋਸ਼ਿਏਸ਼ਨ ਕਰ ਲੈਣ ਅਤੇ ਕਮੇਟੀ ਨੂੰ ਉਸ ਬਾਬਤ ਜਾਣਕਾਰੀ ਦੇ ਦਿੱਤੀ ਜਾਵੇ ।

ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
19.8.2019

ਮਤਾ ਨੰਬਰ:-125
ਵਿਸ਼ਾ:- ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**MC Fund** **ਰੁਪਏ ਲੱਖਾਂ ਵਿੱਚ**

| Sr. No | Name of Work | Est. Amt. | Vetted Amt. | BOQ Amt | Saving %age | Tender Amt. | Name of Agency | Tender called | No. of Valid Tender Received | House Resolution |
|---|---|---|---|---|---|---|---|---|---|---|
| 1. | Const. of CC street at Mithu Basti main road. | 12.73 | 20.00 | 20.00 | 15.92% | 16.82 | Tejmohan Nagar LC Society | 1st Time | 04 | Anticipation dt.26.2.19 |
| 2. | Const. of main road RCC M-30 Jagjwan Ram Chowk to Kadi wala chowk. | 56.01 | 56.01 | 56.01 | 9.21% | 50.85 | Moga LC Society | 1st Time | 06 | Anticipation dt.26.2.19 |
| 3. | Const. of main road RCC M-30 Babrik Chowk to Balmik Mandir. | 57.25 | 57.25 | 57.25 | 8.90% | 52.15 | Avtar Singh | 1st Time. | 06 | Anticipation dt.26.2.19 |
| 4. | Repair, Renovation & paint on central verge, chowks, footpath etc on the occasion of Birth Anniversary of Sh. Guru Ravidass Maharaj Ji. | 9.58 | 8.50 | 8.28 | 6.66% | 7.73 | Dakoha LC Society | 1st Time | 03 | Anticipation dt.26.2.19 |
| 5. | Const. of Interlocking tiles road at New Railway road | 76.09 | 44.74 | 44.74 | 9.51% | 40.49 | Vikas Gambhir, Govt. Contractor | 1st | 3 | Anticipation dt.26.2.19 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
19.8.2019

**ਮਤਾ ਨੰਬਰ:-126**

ਵਿਸ਼ਾ :- ਫੋਲੜੀਵਾਲ ਵਿਖੇ ਲੱਗੇ ਹੋਏ 100 ਐਮ.ਐਲ.ਡੀ. ਟ੍ਰੀਟਮੇਂਟ ਪਲਾਂਟ (UASB Technology) ਅਤੇ 2 ਮੇਨ ਪੰਪਿੰਗ ਸਟੇਸ਼ਨ ਦੇ ਓਪਰੇਸ਼ਨ ਅਤੇ ਮੇਨਟੀਨੈਂਸ ਦੇ ਠੇਕੇ ਵਿੱਚ ਦੋ ਸਾਲ ਦਾ ਵਾਧਾ ਕਰਨ ਦੀ ਪ੍ਰਵਾਨਗੀ ਸਬੰਧੀ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨਅਰ (ਓ.ਐਂਡ.ਐਮ) ਮਿਤੀ 2.8.2019 ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਨੇ ਵਿਸ਼ੇ ਅਧੀਨ 100 ਐਮ.ਐਲ.ਡੀ. ਐਸ.ਟੀ.ਪੀ. ਅਤੇ 2 ਮੇਨ ਪੰਪਿੰਗ ਸਟੇਸ਼ਨ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਭਵਿੱਖ ਲਈ ਮਿਤੀ : 22.07.2016 ਨੂੰ ਨਗਰ ਨਿਗਮ ਦੇ ਹਵਾਲੇ ਕਰ ਦਿੱਤੀ ਸੀ, ਜਿਸ ਉਪਰੰਤ ਨਗਰ ਨਿਗਮ ਵੱਲੋ ਇਸ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਵਾਸਤੇ ਟੈਂਡਰ ਲਗਾਇਆ ਗਿਆ ਅਤੇ M/s GSJ Envo Ltd. Delhi ਨੂੰ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ 153 ਮਿਤੀ : 18.11.2016 ਦੀ ਪ੍ਰਵਾਨਗੀ ਉਪਰੰਤ ਵਰਕ ਆਰਡਰ ਜਾਰੀ ਕੀਤਾ ਗਿਆ। ਇਸ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਮੁੱਖ ਇੰਜੀਨੀਅਰ ਨੇ ਮਿਤੀ : 15.07.2016 ਨੂੰ 5 ਸਾਲਾਂ ਵਾਸਤੇ ਪਲਾਂਟ ਨੂੰ ਚਲਾਉਣ ਵਾਸਤੇ ਦਿੱਤੀ ਸੀ, ਜਿਸ ਦੀ ਕੁੱਲ ਲਾਗਤ 993.96 ਲੱਖ ਸੀ, ਪਰੰਤੂ ਇਹ ਟੈਂਡਰ 5 ਸਾਲਾਂ ਵਾਸਤੇ ਮੰਗੇ ਗਏ ਸਨ ਅਤੇ ਐਨ.ਆਈ.ਟੀ ਦੀਆਂ ਸ਼ਰਤਾ ਨੰਬਰ 10 ਵਿੱਚ ਇਹ ਲਿਖਿਆ ਗਿਆ ਸੀ ਕਿ ਇਹ ਟੈਂਡਰ 3 ਸਾਲਾਂ ਵਾਸਤੇ ਮੰਗੇ ਗਏ ਹਨ ਪਰੰਤੂ Competent Authority ਦੀ ਪ੍ਰਵਾਨਗੀ ਉਪਰੰਤ ਅਗਲੇ 2 ਸਾਲਾਂ ਲਈ ਇਸੇ ਕੰਪਨੀ ਨੂੰ ਹੀ ਦਿੱਤਾ ਜਾ ਸਕਦਾ ਹੈ।ਇਹ ਵਰਕ ਆਰਡਰ ਦਾ ਤਿੰਨ ਸਾਲਾਂ ਦਾ ਸਮਾਂ ਮਿਤੀ : 05.09.2019 ਨੂੰ ਖਤਮ ਹੋਣ ਵਾਲਾ ਹੈ ਅਤੇ ਇਸ ਇਕਰਾਰਨਾਮੇ ਦੀ ਐਕਸਟੈਂਸ਼ਨ ਕਰਨਾ ਅਤਿ ਜਰੂਰੀ ਹੈ। ਕੰਪਨੀ ਨੇ ਆਪਣਾ ਪੱਤਰ ਨੰਬਰ GSJ/JAL/058 ਮਿਤੀ : 03.07.2019 ਰਾਹੀਂ ਬੇਨਤੀ ਕੀਤੀ ਹੈ ਕਿ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਇਹ ਟੈਂਡਰ 2 ਸਾਲਾਂ ਵਾਸਤੇ ਐਕਸਟੈਂਡ ਕੀਤਾ ਜਾਵੇ।

ਇਸ ਕੰਪਨੀ ਦਾ ਕੰਮ ਤਸੱਲੀਬਖ਼ਸ਼ ਚੱਲ ਰਿਹਾ ਹੈ ਅਤੇ ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਵੱਲੋ ਹਰ ਮਹੀਨੇ ਕੀਤਾ ਜਾ ਰਹੀ ਸੈਂਪਲਿੰਗ ਦੇ ਰਿਜਲਟ ਵੀ ਪਾਸ ਹੋ ਰਹੇ ਹਨ। ਕਿਉਂ ਜੋ ਇਹ ਐਸ.ਟੀ.ਪੀ. ਚਲਾਉਣਾ ਅਤਿ ਜਰੂਰੀ ਹੈ ਤਾਂ ਜ਼ੋ ਸ਼ਹਿਰ ਦੇ ਸੀਵਰੇਜ਼ ਦਾ ਡਿਸਪੋਜਲ ਸਹੀ ਤਰੀਕੇ ਨਾਲ ਕੀਤਾ ਜਾ ਸਕੇ। ਇਸ ਲਈ ਪਬਲਿਕ ਹਿੱਤ ਅਤੇ ਟੈਂਡਰ ਕੰਡੀਸ਼ਨਾਂ ਨੂੰ ਮੁੱਖ ਰੱਖਦੇ ਹੋਏ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਕੰਪਨੀ ਨਾਲ ਕੀਤੇ ਗਏ ਇਕਰਾਰਨਾਮੇ ਨੂੰ 2 ਸਾਲਾਂ ਵਾਸਤੇ ਐਕਸਟੈਂਡ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ : 6.08.2019 ਉਪਰੋਕਤ ਤਜਵੀਜ਼ ਨਗਰ ਨਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕਰਨ ਦੀ ਸਿਫਾਰਸ਼ ਕੀਤੀ ਹੈ, ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 06.08.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ : 06.08.2019 ਰਾਹੀਂ ਇਸ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਤਜਵੀਜ ਅੰਤਿਮ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿੱਚ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
19.8.2019

**ਮਤਾ ਨੰਬਰ:-127**

ਵਿਸ਼ਾ:- ਓ.ਐਂਡ ਐਮ. ਸ਼ਾਖਾ ਦੇ ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 95 ਮਿਤੀ 28.6.2019 ਦੇ ਸਬੰਧ ਵਿਚ।

ਕਾਰਜਕਾਰੀ ਇੰਜੀਨਿਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਹਵਾਲੇ ਅਧੀਨ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 95 ਮਿਤੀ 28.6.2019 ਨੂੰ ਮੀਟਿੰਗ ਵਿਚ ਵਿਚਾਰਣ ਉਪਰੰਤ ਫੈਸਲਾ ਹੋਇਆ ਸੀ ਕਿ ਇਸ ਮੱਦ ਦੇ ਲੜੀ ਨੰ: 4, 5, 6 ਅਤੇ 11 ਦੇ ਟੈਂਡਰ ਹਾਲ ਦੀ ਘੜੀ ਲੰਬਿਤ ਰੱਖੇ ਜਾਂਦੇ ਹਨ। ਕਾਰਜਕਾਰੀ ਇਜੀਂਨੀਅਰ ਨੇ ਮਾਨਯੋਗ ਮੇਅਰ ਜੀ ਨਾਲ ਡਿਸਕਸ ਕਰਨ ਉਪਰੰਤ ਲੜੀ ਨੰ: 4 ਅਤੇ 6 ਨੂੰ ਕੰਮ ਜਰੂਰੀ ਹੋਣ ਕਰਕੇ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸ਼ਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਨੇ ਮਿਤੀ 10.7.2019 ਰਾਹੀਂ ਇਹਨਾਂ ਟੈਂਡਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

| Sr. No | W. No | Name of Work | Total Est. Amt. | Name of Agency | Saving %age | Tender Amt. Rs. In Lac | House Resolution | Tender called (No. of times) | No. of Tender received |
|---|---|---|---|---|---|---|---|---|---|
| 1 | 7 | ਇਨਸਟਾਲੇਸ਼ਨ ਆਫ ਵਾਟਰ ਸਪਲਾਈ ਲਾਈਨ ਇਨ ਕੋਟ ਰਾਮ ਦਾਸ ਆਬਾਦੀ। | 1,35,905- | Sareen Contractor Jal | 5.51% | 1,28,417/- | 95(37) dt 25-6-18 | 3 | 1 |
| 2 | 13 | ਇਸਟਾਲੇਸ਼ਨ ਆਫ ਵਾਟਰ ਸਪਲਾਈ ਲਾਈਨ ਇਨ ਏਕਤਾ ਨਗਰ ਫੋਜੀ ਵਾਲੀ ਗਲੀ । | 1,89,218- | Sareen Contractor, Jal | 5.51% | 1,78,792/- | 95(31) dt 25-06-18 | 3 | 1 |

ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ,

ਮੇਅਰ

19.8.2019

ਮਤਾ ਨੰਬਰ:-128

ਵਿਸ਼ਾ:- ਓ.ਐਂਡ ਐਮ. ਸ਼ਾਖਾ ਦੇ ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਓ ਐਂਡ ਐਮ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No | W. No | Name of Work | Total Est. Amt. | Name of Agency | Saving %age | Tender Amt. Rs. In Lac | House Resolution | Tender called (No. of times) | No. of Tender received |
|---|---|---|---|---|---|---|---|---|---|
| 1 | Gen. | ਐਨੂਅਲ ਐਸਟੀਮੇਟ ਫਾਰ ਪ੍ਰਚੇਜ਼ ਆਫ ਸੀਵਰ ਮਟੀਰਿਅਲ ਫਾਰ ਮੇਨਟੀਨੈਂਸ ਆਫ ਸੀਵਰੇਜ਼ ਸਿਸਟਮ ਫਾਲਿੰਗ ਅੰਡਰ ਡਿਫਰੇਂਟ ਵਾਰਡ (80 ਵਾਰਡ) ਇਨ ਓ.ਐਂਡ.ਐਮ ਸੈਲ ਸਟੋਰ। | 35,26,784- | ਮੈਸ. ਹਰੀ ਕੰਸਟਰਕਸ਼ਨ ਕੰਪਨੀ, ਜਲੰਧਰ | 47.22% | 18,61,436- | Anticipation dt. 19.6.2019 | 1st | 4 |
| 2 | Gen. | Annual Estimate for Purchase of Suction Pipe & Delivery pipe for Tractors & Sullage Engines in O&M Store. | 28,92,000- | ਮੈਸ. ਹਰੀ ਕੰਸਟਰਕਸ਼ਨ ਕੰਪਨੀ, ਜਲੰਧਰ | 47.22% | 15,26,397- | 159(2) dated 18.10.2018 | 1st | 4 |
| 3 | Gen. | ਰਿਪਲੇਸਮੈਂਟ ਵਾਈਰਿੰਗ, ਸਪਲਾਈ ਆਫ ਮਟੀਰਿਅਲ ਮੱਖਦੂਮਪੂਰਾ ਡਿਸਪੋਜ਼ਲ, ਸਪਲਾਈ ਆਫ ਮਟੀਰਿਅਲ ਨਿਅਰ ਐਚ.ਐਮ.ਵੀ ਕਾਲੇਜ਼ ਟਿਊਬਵੈਲ ਅਤੇ ਸਪਲਾਈ ਆਫ ਸਕਰਿਨਿੰਗ ਚੈਬਰ ਢੱਨ ਮੁੱਹਲਾ। | 2,25,659- | ਮੈਸ. ਗੁਰੂ ਨਾਨਕ ਆਟੋ ਅਜੰਸੀ | 11.00% | 2,00,836- | 95(12,16, 21) dated 25.6.2018 and 69(3) dated 6.9.2017 | 3rd | 4 |
| 4 | 8 | ਵਾਰਡ ਨੰ: 8 ਅਧੀਨ ਪੈਂਦੇ ਵੱਖ-ਵੱਖ ਇਲਾਕੀਆਂ ਵਿੱਚ ਸੀਵਰ ਲਾਇਨ ਪਾਉਣ ਬਾਰੇ। ਜ਼ੋਨ ਨੰ: 5 | 3,11,755- | ਮੈਸ. ਸਰੀਨ ਕੰਟਰੈਕਟਰ, | 4.32% | 2,98,287- | 159(10) dated 18.10.2018 | 3rd | 1 |
| 5 | 9 | ਇਨਸਟਾਲੇਸ਼ਨ ਆਫ ਵਾਟਰ ਸਪਲਾਈ ਲਾਇਨ ਇਨ ਕਾਕੀ ਪਿੰਡ ਰਾਮਾ ਮਡੀ। ਵਾਰਡ ਨੰ: 9 ਜ਼ੋਨ ਨੰ: 5 | 1,83,209- | ਮੈਸ. ਸਰੀਨ ਕੰਟਰੈਕਟਰ, | 4.32% | 1,75,294- | 95(34) dated 25.6.2018 | 4th | 1 |
| 6 | 14 | ਵਾਰਡ ਨੰ: 14 ਮੁੱਹਲਾ ਅਵਤਾਰ ਨਗਰ ਵਿਖੇ ਸੀਵਰ ਲਾਇਨ ਪਾਉਣ ਬਾਰੇ। | 1,91,445- | ਮੈਸ. ਸਰੀਨ ਕੰਟਰੈਕਟਰ, | 4.32% | 1,83,174- | 95(30) dated 25.6.2018 | 3rd | 1 |
| 7 | 28 | ਵਾਰਡ ਨੰ: 28 ਦੇ ਵੱਖ-ਵੱਖ ਇਲਾਕੀਆਂ ਵਿੱਚ ਸੀਵਰ ਲਾਇਨ ਉਤੇ ਨਵੇ ਮੇਨਹੋਲ ਬਣਾਉਣ ਬਾਰੇ। | 4,14,429- | ਮੈਸ. ਸਰੀਨ ਕੰਟਰੈਕਟਰ, | 4.32% | 3,96,525- | 159(18) dt. 18.10.2018 | 4th | 1 |
| 8 | 56 | ਮਦਰਾਸੀਆਂ ਮੁੱਹਲਾ ਨਿਅਰ ਮਰੀਅੱਮਾਂ ਮੰਦਿਰ ਕਾਜੀ ਮੰਡੀ ਵਾਰਡ ਨੰ: 56 ਵਿੱਚ ਨਵੀਂ ਸੀਵਰ ਲਾਇਨ ਪਾਉਣ ਬਾਰੇ। ਐਮ.ਪੀ.ਲੈਡ ਗਰਾਂਟ) ਕੋਟਾ ਸ਼੍ਰੀ ਸੰਤੋਖ ਸਿੰਘ ਚੌਧਰੀ (ਐਮ.ਪੀ ਲੋਕ ਸਭਾ) | 3,00,000- | ਮੈਸ. ਸਰੀਨ ਕੰਟਰੈਕਟਰ, | 4.32% | 2,87,040- | CC order dt.7.12.2018 and DDLG letter No. ਸ3-ਡਡਸਸ-2019/9092 ਮਿਤੀ 7.3.2019 | 3rd | 1 |
| 9 | 26 | ਰਿਪਲੇਸਮੈਂਟ ਸੀਵਰ ਲਾਇਨ ਨਿਅਰ ਹਾਊਸ ਨੰ: 12 ਸ਼ੰਕਰ ਗਾਰਡਨ ਹਾਊਸ ਨੰ: 60 ਸੁੰਦਰ ਪਾਰਕ, ਪ੍ਰਕਾਸ਼ ਨਗਰ ਅਤੇ ਮਕਾਨ ਨੰ: 324 ਸੱਤ ਕਰਤਾਰ ਨਗਰ। | 1,20,400- | ਸ਼੍ਰੀ ਸਵਰਨ ਸਿੰਘ, ਕੰਟਰੈਕਟਰ | 1% | 1,19,196- | 91(15,16) dated 25.6.2018 & 159(11) dated 18.10.2018 | 4th | 1 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ,ਮੇਅਰ

19.8.2019

**ਮਤਾ ਨੰਬਰ:-129**

ਵਿਸ਼ਾ:- ਐਨੂਅਲ ਮੇਨਟੀਨੈਂਸ ਆਫ ਏ.ਟੀ.ਸੀ ਸਿਗਨਲ ਇਨ ਜਲੰਧਰ ਮਿਉਂਸੀਪਲ ਲਿਮਿਟ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 20,20,320/- ਕੁੱਲ ਪ੍ਰਾਪਤ ਵੈਲਿਡ ਟੈਂਡਰ = 2 (ਤੀਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 19,58,902/- ਸੇਵਿੰਗ 3.04%
ਅਜੰਸੀ ਦਾ ਨਾਮ:- ਮੈ: ਆਰ.ਆਰ ਇਲੈਕਟਰੋਨਿਕਸ ਚੰਡੀਗੜ੍ਹ।

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 20,20,320/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 160(2) ਮਿਤੀ 18-10-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਪਹਿਲੀ ਬਾਰੀ ਮਿਤੀ 15.02.19 ਲਈ ਮੰਗੇ ਗਏ, ਪਰੰਤੂ ਇਕ ਟੈਂਡਰ ਪ੍ਰਾਪਤ ਹੋਇਆ। ਫਿਰ ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਮਿਤੀ 20.06.19 ਰਾਹੀਂ ਮੰਗੇ ਗਏ, ਪਰੰਤੂ ਇਸ ਬਾਰ ਵੀ 2 ਈ-ਟੈਂਡਰ ਪ੍ਰਾਪਤ ਹੋਏ। ਤੀਸਰੀ ਬਾਰੀ ਇਸ ਕੰਮ ਦੇ ਈ-ਟੈਂਡਰ ਅਖਬਾਰਾਂ ਰਾਹੀਂ ਮਿਤੀ 05.07.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ, ਕੁੱਲ 2 ਟੈਂਡਰ ਪ੍ਰਾਪਤ ਹੋਏ। ਇਹਨਾ ਅਜੰਸੀਆਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਅਜੰਸੀਆਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਆਰ.ਆਰ ਇਲੈਕਟੋਨਿਕਸ ਚੰਡੀਗੜ੍ਹ ਦਾ ਰੇਟ ਬਾਕੀ ਅਜੰਸੀਆਂ ਨਾਲੋ ਘੱਟ ਪਾਇਆ ਗਿਆ। ਮੈ: ਆਰ.ਆਰ ਇਲੈਕਟਰੋਨਿਕਸ ਚੰਡੀਗੜ੍ਹ ਨੇ 3.04% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 20,20,320/- ਦਾ ਕੰਮ ਰੁਪਏ 19,58,902/- ਵਿੱਚ ਕਰੇਗੀ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ।ਇਥੇ ਆਪ ਨੂੰ ਇਹ ਦਸਣਯੋਗ ਹੈ ਕਿ ਜਲੰਧਰ ਸ਼ਹਿਰ ਵਿੱਚ ਲਗੇ 23 ਟਰੈਫਿਕ ਸਿਗਨਲਾਂ ਦੀ ਮਿਆਦ ਖਤਮ ਹੋ ਚੁਕੀ ਹੈ ਅਤੇ ਟਰੈਫਿਕ ਸਿਗਨਲਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਤਾਂ ਜ਼ੋ ਲੋਕ ਕਿਸੇ ਹਾਦਸੇ ਦਾ ਸ਼ਿਕਾਰ ਨਾ ਹੋ ਸਕਨ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਨੂੰ ਜਲਦ ਤੋ ਜਲਦ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਕਾਰਜਕਾਰੀ ਇੰਜੀਨਿਅਰ (ਲਾਈਟ) ਨੇ ਮਿਤੀ 16.7.19 ਰਾਹੀਂ ਉਪਰੋਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ ।ਨਿਗਰਾਨ ਇੰਜੀਨਿਅਰ (ਲਾਈਟ) ਨੇ ਮਿਤੀ 1.8.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 1.8.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 5.8.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ। ਇਹ ਵੀ ਫੈਸਲਾ ਹੋਇਆ ਕਿ ਫਾਲਟ ਪੈਣ ਤੇ ਜੇਕਰ ਸਬੰਧਤ ਏਜੰਸੀ 24 ਘੰਟਿਆ ਦੇ ਅੰਦਰ-ਅੰਦਰ ਫਾਲਟ ਠੀਕ ਨਹੀਂ ਕਰਦੀ ਤਾਂ ਉਸ ਨੂੰ ਰੁਪਏ 1000/- ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਲਗਾਇਆ ਜਾਵੇ।

ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
19.8.2019

ਮਤਾ ਨੰਬਰ:-130

ਵਿਸ਼ਾ:- Dengue/Chikungunia Vector born disease ਕੰਟਰੋਲ ਕਰਨ ਲਈ ਜੈਮ ਪੋਰਟਲ ਤੋ ਖਰੀਦ ਕਰਨ ਸਬੰਧੀ। ਜੈਮ ਪੋਰਟਲ ਰਾਹੀ ਈ ਟੈਂਡਰ ਪ੍ਰਵਾਨਗੀ ਹਿਤ

ਤਖਮੀਨਾ ਰੁਪਏ 10,00,000/- ਟੈਂਡਰ ਅਮਾਉਂਟ ਰੁਪਏ 6,97,500/-

ਪ੍ਰਾਪਤ ਟੈਂਡਰ =7 ਅਜੰਸੀ ਦਾ ਨਾਮ:- ਖੰਡੇਲਵਾਲ ਬ੍ਰਦਰਜ਼

ਪੜਿਆ ਨੋਟ ਸਿਹਤ ਅਫ਼ਸਰ ਕਿ ਸਿਹਤ ਸ਼ਾਖਾ ਵਲੋ Dengue/Chikungunia Vector born disease ਕੰਟਰੋਲ ਕਰਨ ਲਈ Malathion 95% Technical ਦੀ ਖਰੀਦ ਕਰਨ ਸਬੰਧੀ ਮਾਣਯੋਗ ਕਮਿਸ਼ਨਰ ਅਤੇ ਮਾਣਯੋਗ ਮੇਅਰ ਜੀ ਦੇ ਹੁਕਮ ਮਿਤੀ 19/06/2019 ਰਾਹੀ ਪਹਿਲੇ ਫੇਜ਼ ਵਿਚ 10 ਲੱਖ ਰੁਪਏ ਦੀ ਦਵਾਈ ਮੰਗਵਾਉਨ ਲਈ ਮਾਣਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਲਈ ਗਈ ਸੀ।ਉਕਤ ਦਵਾਈ ਮੰਗਵਾਉਨ ਸਬੰਧੀ ਜੈਮ ਪੋਰਟਲ ਸਿਸਟਮ ਅਧੀਨ ਮਿਤੀ 03/07/2019 ਨੂੰ ਈ-ਟੈਂਡਰ ਲਗਾਏ ਗਏ ਸਨ।ਜਿਸਦੀ ਮਿਆਦ ਮਿਤੀ 10/07/2019 ਤਕ ਸੀ।ਮਿਤੀ 10/07/2019 ਨੂੰ ਬਿਡ ਖੋਲਨ ਤੇ ਸਿਰਫ ਇਕ ਹੀ ਬਿਡ ਹਾਸਿਲ ਹੋਈ ਸੀ, ਜੋ ਕਿ ਸਰਕਾਰ ਦੀਆਂ ਹਦਾਇਤਾਂ/ਰੁਲਾਂ ਰੱਦ ਕਰ ਦਿੱਤੀ ਗਈ ਸੀ।ਬਾਅਦ ਵਿਚ ਮਿਤੀ 12/07/2019 ਨੂੰ ਮੁੜ ਤੋ ਜੈਮ ਪੋਰਟਲ ਰਾਹੀ ਟੈਂਡਰ ਲਗਾਈ ਗਏ ਸਨ, ਜਿਸ ਵਿਚ ਕੁਲ 7 ਟੈਂਡਰ ਪ੍ਰਾਪਤ ਹੋਏ ਜਿਹਨਾਂ ਵਿਚੋ ਲੜੀ ਨੰ: 5 ਦੇ ਸਪਲਾਇਰ ਨੂੰ ਡਿਸਕੁਆਲਾਫਾਈ ਕਰ ਦਿੱਤਾ ਗਿਆ ਹੈ।ਬਾਕੀ 6 ਟੈਂਡਰ ਤਕਨੀਕੀ ਮਿਆਰ ਤੇ ਪੂਰੇ ਸਨ।ਇਸ ਲਈ ਇਹਨਾਂ ਦੀਆਂ ਵਿੱਤੀ ਬਿੱਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ।ਇਹਨਾ ਵਿਚੋ ਲੜੀ ਨੰ: 3 ਦੇ ਖੰਡੇਲਵਾਲ ਬ੍ਰਦਰਜ਼ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ।ਇਸ ਅਜੰਸੀ ਨੇ ਵਿਸ਼ੇ ਅਧੀਨ ਦਵਾਈ ਦਾ ਤਖਮੀਨਾ ਰੁਪਏ 6,97,500/- ਵਿਚ ਸਪਲਾਈ ਕਰਨੀ ਹੈ।ਇਸ ਅਜੰਸੀ ਵਲੋ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜ਼ਿਬ ਹਨ, ਇਸ ਲਈ ਇਸ ਟੈਂਡਰ ਦੀ ਰਕਮ ਦੀ ਪ੍ਰਵਾਨਗੀ ਹਿਤ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਸੰਯੁਕਤ ਕਮਿਸ਼ਨਰ ਨੇ ਮਿਤੀ 6.8.19 ਅਤੇ ਕਮਿਸ਼ਨਰ ਜੀ ਨੇ ਮਿਤੀ 6.8.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 8.8.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ,

ਮੇਅਰ

19.8.2019

**ਮਤਾ ਨੰਬਰ:** 131

ਵਿਸ਼ਾ:- ਵਰਿਆਣਾ ਡੰਪ ਵਾਸਤੇ 2 ਹੈਵੀ ਅਰਥ ਮੂਵਿੰਗ ਵਹੀਕਲਜ਼ (ਡੋਜ਼ਰ ਮਸ਼ੀਨਾ) ਕਿਰਾਏ ਤੇ ਲੈਣ ਸਬੰਧੀ। (ਈ-ਟੈਂਡਰ ਪ੍ਰਵਾਨਗੀ ਹਿੱਤ)

**ਹਵਾਲਾ:** **ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 12 ਮਿਤੀ 15.1.2019 ਦੇ ਸਬੰਧ ਵਿਚ ।**

ਤਖਮੀਨਾ ਰੁਪਏ 70,52,000/- ਟੈਂਡਰ ਅਮਾਊਂਟ ਰੁਪਏ 55,00,560/-
ਕੁੱਲ ਪ੍ਰਾਪਤ ਟੈਂਡਰ 3 ਸੇਵਿੰਗ 22%
ਅਜੰਸੀ ਦਾ ਨਾਮ:- ਕਰਿਤੀ ਕੰਸਟ੍ਰਕਸ਼ਨਸ ਐਂਡ ਅਰਥ ਮੂਵਰਜ਼ ਨਿਊ ਦਿੱਲੀ
ਈ.ਪੀ.ਐਫ ਨੰ: DLCPM 1688359 ESI No. 1100 125033 000 1099

ਵਰਿਆਣਾ ਡੰਪ ਵਾਸਤੇ 2 ਹੈਵੀ ਅਰਥ ਮੂਵਿੰਗ ਵਹੀਕਲਜ਼ (ਡੋਜ਼ਰ ਮਸ਼ੀਨਾ) ਕਿਰਾਏ ਤੇ ਲੈਣ ਸਬੰਧੀ ਹੈਲਥ ਸ਼ਾਖਾ ਵੱਲੋਂ ਰੁਪਏ 70,52,000/- ਦਾ ਤਖਮੀਨਾ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 124 ਮਿਤੀ 18.10.18 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-18/68763 ਮਿਤੀ 02.11.18 ਦੇ ਫੈਸਲੇ ਅਨੁਸਾਰ ਮਤਾ ਨੰ: 124 ਮਿਤੀ 18.10.18 ਦੀ ਕਾਪੀ ਮੁੱਖ ਇੰਜੀਨੀਅਰ (ਓ.ਐਂਡ.ਐਮ) ਜੀ ਨੂੰ ਟਿਪਣੀ ਲਈ ਭੇਜੀ ਗਈ ਹੈ।

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 11.01.19 ਰਾਹੀਂ ਲਿਖਿਆ ਹੈ ਕਿ ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 11.12.18 ਲਈ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ ਸਨ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਸਨ। ਇਸ ਲਈ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 70,52,000/- ਦੇ ਵਿਰੁੱਧ 22% ਦੀ ਸੇਵਿੰਗ ਨਾਲ ਰੁਪਏ 55,00,560/- ਵਿੱਚ ਕਰਨਾ ਹੈ। ਇਸ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਸ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਹਵਾਲੇ ਅਧੀਨ ਮਤੇ ਰਾਹੀਂ ਵਿਚਾਰਣ ਉਪਰੰਤ ਵਿਚਾਰਣ ਇਹ ਮੱਦ ਲੰਬਿਤ ਰੱਖਿਆ ਗਿਆ ਸੀ ਅਤੇ ਇਹ ਵੀ ਫੈਸਲਾ ਹੋਇਆ ਸੀ ਕਿ ਇਸ ਦੀ ਮਿਸਲ ਮਿਤੀ 16.1.2019 ਨੂੰ ਸਵੇਰੇ 10:00 ਵਜੇ ਮੇਅਰ ਜੀ ਦੇ ਦਫ਼ਤਰ ਕਮੇਟੀ ਮੈਂਬਰਾਂ ਨੂੰ ਦਿਖਾਈ ਜਾਵੇ ਅਤੇ ਡੋਜ਼ਰ ਚਲਾਉਣ ਵਾਲੇ ਡਰਾਈਵਰਾਂ ਨੂੰ ਵੀ ਕਮੇਟੀ ਮੈਂਬਰਾਂ ਨਾਲ ਮਿਲਾਇਆ ਜਾਵੇ ।

ਸਿਹਤ ਅਫਸਰ ਵਲੋਂ ਆਪਣੇ ਨੋਟ ਮਿਤੀ 23.1.2019 ਰਾਹੀਂ ਲਿਖਿਆ ਹੈ ਕਿ ਉਪਰੋਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਤਰ੍ਹਾਂ ਦੇ ਡੋਜਰ ਦੇ 25.1.2019 ਨੂੰ ਟੈਂਡਰ ਖਤਮ ਹੋ ਰਿਹਾ ਹੈ। ਹਰ ਤਰ੍ਹਾਂ ਦੇ ਡਾਕੂਮੈਂਟਸ ਇਸ ਮਿਸਲ ਵਿਚ ਨੱਥੀ ਹਨ। ਸਬੰਧਤ ਡੋਜ਼ਰ ਡਰਾਈਵਰ ਨੂੰ ਪੇਸ਼ ਕੀਤਾ ਗਿਆ। ਇਸ ਦੀ ਮੰਜੂਰੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 23.1.2019 ਰਾਹੀਂ ਇਸ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
19.8.2019

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ
ਮੱਦ ਨੰ: 132 ਤੋਂ 136 ਤੱਕ ਰੈਗੁਲਰ ਅਜੰਡੇ ਤੋਂ ਬਾਹਰੋਂ ਲਈਆਂ ਗਈਆਂ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
19.8.2019

ਮਤਾ ਨੰਬਰ: 132

Subject :- Purchase of 1.1 Cum. BIN container under Swachh Bharat Mission (SBM).

ਪੜਿਆ ਨੋਟ ਜੇ.ਈ.(ਵਰਕਸ਼ਾਪ) ਜਿਸ ਨਾਲ ਮੈਨੇਜਰ (ਵਰਕਸ਼ਾਪ) ਨੇ ਮਿਤੀ 1.8.2016 ਰਾਹੀਂ ਸਿਫਾਰਸ਼ ਕੀਤੀ ਹੈ ਕਿ With reference to SBM fund for procurement of Solid wastes management equipment and machinery, PMIDC office has approved the Grant-In-Aid of Rs. 7.41cr. for Municipal Corporation, Jalandhar. In this regard, the Municipal Corporation, Jalandhar has published the tender was opened on 15/7/16. In this tender the 2 firms has been participated and the detail of the participants are given below:

| S.No | Name of the firm | Estimated amt. | Rate of per unit | %less | Tender Amt. |
|---|---|---|---|---|---|
| 1 | Aman Cleaning equipment Pvt. Ltd. Noida | 18.00 Lacs. | 17,200 | 4.4% | 17,20,000.00 |
| 2 | Kakar Associates, Ludhiana | 18.00 Lacs. | 15,900 | 11.66% | 15,90,000.00 |

As per the tems and condition of the RFP for the purchase of 100 nos. of 1.1 cum BIN, M/S Kakar Associates has quoted 11.66% (less) from the estimated amount, The said firm is ready to complete this work in Rs. 15,90,000/- Due to this, the overall saving from this work will be Rs. 2,10,000/-(11.66%).Therefore, the tender of M/S Kakar Associates is submitted for approval please. ਨਿਗਰਾਨ ਇੰਜੀਨਿਅਰ (ਓ ਐਂਡ ਐ) ਨੇ ਮਿਤੀ 1.8.2016 ਰਾਹੀਂ ਇਸ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਇਸ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਹੈ ।

ਟੈਂਡਰ ਅੰਤਮ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
19.8.2019

**ਮਤਾ ਨੰਬਰ:** 133

ਵਿਸ਼ਾ:- ਸ਼ਹਿਰ ਦੀ ਵਾਟਰ ਸਪਲਾਈ ਦੀ ਮੇਨਟੀਨੈਂਸ ਲਈ 58 ਫਿਟਰ ਕੁਲੀ/ ਮੈਸਨ ਹੈਲਪਰ/ ਕੀ-ਮੈਨ (ਅਨਸਕਿਲਡ) ਅਤੇ 6 ਮੈਸਨ (ਸਕਿਲਡ) ਆਉਟ ਸੋਰਸ ਰਾਹੀਂ ਠੇਕੇ ਤੇ ਰੱਖਣ ਬਾਰੇ। (ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 89,12,208/- (ਮਿਨੀਮਮ ਵੇਜਿਜ਼ 01-09-18 ਅਨੁਸਾਰ-12 ਮਹੀਨਿਆਂ ਲਈ)
ਟੈਂਡਰ ਅਮਾਉਂਟ ਰੁਪਏ 87,60,700/- ਸੇਵਿੰਗ 1.70%
ਅਜੰਸੀ ਦਾ ਨਾਮ:- ਰਿਲਾਏਬਲ ਸਰਵਸਿਸ ਜਲੰਧਰ
EPF No. PB JAL 35518 ESI No. 12000208690001001

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਨਗਰ ਨਿਗਮ ਵਿੱਚ ਚੱਲ ਰਹੇ ਵਾਟਰ ਸਪਲਾਈ ਸਿਸਟਮ ਦੀ ਰਿਪੇਅਰ ਅਤੇ ਮੇਨਟੀਨੈਂਸ ਵਾਸਤੇ ਰੈਗੂਲਰ ਸਟਾਫ ਦੀ ਘਾਟ ਹੋਣ ਕਰਕੇ 6 ਮੈਸਨ(ਸਕਿਲਡ) ਅਤੇ 58 ਫਿਟਰ ਕੁੱਲੀ/ਹੈਲਪਰ (ਅਨਸਕਿਲਡ) ਆਉਟ ਸੋਰਸ ਰਾਹੀਂ ਠੇਕੇ ਤੇ ਰੱਖੇ ਹੋਏ ਹਨ ਅਤੇ ਇਹਨਾ ਦਾ ਕੰਟਰੈਕਟ ਖਤਮ ਹੋਣ ਵਾਲਾ ਹੈ। ਵਾਟਰ ਸਪਲਾਈ ਦੀ ਰਿਪੇਅਰ ਅਤੇ ਮੇਨਟੀਨੈਂਸ ਲੋਕ ਹਿੱਤ ਵਿੱਚ ਕਰਨੀ ਬਹੁਤ ਜਰੂਰੀ ਹੈ। ਇਸ ਲਈ ਰੱਖ ਰੱਖਾਵ ਦੇ ਇਸ ਕੰਮ ਲਈ ਪਿਛਲੇ ਸਾਲ ਦੀ ਤਰ੍ਹਾਂ ਹੀ ਇਸ ਸਾਲ ਫਿਰ 6 ਮੈਸਨ(ਸਕਿਲਡ) ਅਤੇ 58 ਫਿਟਰ ਕੁੱਲੀ/ਹੈਲਪਰ (ਅਨਸਕਿਲਡ) ਆਉਟ ਸੋਰਸ ਰਾਹੀਂ ਠੇਕੇ ਤੇ ਰੱਖਣ ਲਈ ਮੁੱਖ ਸਕੱਤਰ ਪੰਜਾਬ ਸਰਕਾਰ/ਸਥਾਨਕ ਸਰਕਾਰ ਦੇ ਪਿਠਅੰਕਨ ਨੰ: 1/12/2011-2 ਸਸ4/2157 ਮਿਤੀ 11-08-11 ਰਾਹੀਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਮਿਨੀਮਮ ਵੇਜਿਜ਼, ਈ.ਪੀ.ਐਫ, ਈ.ਐਸ.ਆਈ ਅਤੇ ਕੰਟਰੈਕਟਰ ਸਰਵਿਸ ਚਾਰਜਿਜ਼ ਦਾ ਉਪਬੰਧ ਕਰਕੇ ਤਖਮੀਨਾ ਰੁਪਏ 89,12,208/- ਦਾ ਤਿਆਰ ਕੀਤਾ ਗਿਆ ਸੀ।

ਇਸ ਤਖਮੀਨੇ ਦੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਨਗਰ ਨਿਗਮ ਦੇ ਮਾਨਯੋਗ ਮੇਅਰ ਜੀ ਅਤੇ ਮਾਨਯੋਗ ਕਮਿਸ਼ਨਰ ਜੀ ਵੱਲੋਂ ਅਪਣੇ ਹੁਕਮਾਂ ਅਨੁਸਾਰ ਮਿਤੀ 28.02.19 ਰਾਹੀਂ ਦਿੱਤੀ ਹੈ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਰਾਹੀਂ ਮਿਤੀ 20.06.19 ਨੂੰ ਮੰਗੇ ਗਏ, ਕੁੱਲ ਇਕ ਟੈਂਡਰ ਪ੍ਰਾਪਤ ਹੋਇਆ। ਇਸ ਕੰਮ ਦੇ ਦੁਬਾਰਾ ਟੈਂਡਰ ਦੂਸਰੀ ਬਾਰੀ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮਿਤੀ 05.07.19 ਨੂੰ ਮੰਗੇ ਗਏ ਸਨ। ਕੁੱਲ 3 ਟੈਂਡਰ ਪ੍ਰਾਪਤ ਹੋਏ। ਜਿਹਨਾ ਦੀਆਂ ਤਕਨੀਕੀ ਬਿਡਾਂ ਟੈਕਨੀਕਲ ਬਿਡ ਇਵੈਲੁਏਸ਼ਨ ਟੀਮ ਨੇ ਚੈਕ ਕੀਤੀਆਂ, ਸਾਰੀਆਂ ਬਿਡਾਂ ਤਕਨੀਕੀ ਪੱਖੋ ਮਿਆਰ ਤੇ ਪੂਰੀਆਂ ਸਨ। ਇਸ ਲਈ ਸਾਰੀਆਂ ਵਿੱਤੀ ਬਿਡ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਸੀ।

ਵਿੱਤ ਵਿਭਾਗ ਪੰਜਾਬ ਦੇ ਪੱਤਰ ਨੰ: 7/74/2018-1FP1/1539232/2-3 ਮਿਤੀ 01.08.19 ਰਾਹੀਂ ਠੇਕੇਦਾਰਾਂ ਦੇ ਸਰਵਿਸ ਚਾਰਜਿਜ਼ ਨੂੰ ਰਿਵਾਈਜ਼ ਕਰਦੇ ਹੋਏ 10% ਤੋ 2.5% ਕਰ ਦਿੱਤਾ ਗਿਆ ਹੈ ਅਤੇ ਪੁਰਾਣੇ ਤਖਮੀਨੇ ਵਿੱਚ ਜੀ.ਐਸ.ਟੀ ਦਾ ਉਪਬੰਧ ਵੀ ਨਹੀ ਕੀਤਾ ਗਿਆ ਸੀ। ਵਿੱਤ ਵਿਭਾਗ ਦੇ ਪੱਤਰ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 87,49,114/- (11 ਮਹੀਨੇ) ਦਾ ਤਿਆਰ ਕੀਤਾ ਗਿਆ ਹੈ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 06.08.19 ਰਾਹੀਂ ਇਸ ਟੈਂਡਰ ਦੇ ਤਖਮੀਨੇ ਨੂੰ ਰਿਵਾਈਜ਼ ਕਰਕੇ ਅਤੇ ਟੈਂਡਰ ਨੂੰ ਰੱਦ ਕਰਨ ਦੇ ਹੁਕਮ ਦੇ ਦਿੱਤੇ ਹਨ। ਇਹਨਾ ਹੁਕਮਾਂ ਅਨੁਸਾਰ ਇਸ ਕੰਮ ਦੇ ਦੁਬਾਰਾ ਤੀਸਰੀ ਬਾਰੀ ਟੈਂਡਰ ਮਿਤੀ 13.08.19 ਰਾਹੀਂ ਮੰਗੇ ਗਏ ਕੁੱਲ 1 ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਇਵੈਲੁਏਸ਼ਨ ਟੀਮ ਨੇ ਚੈਕ ਕੀਤੀ, ਜੋ ਮਿਆਰ ਪੱਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ। ਇਸ ਅਜੰਸੀ ਮੈਸਰਜ਼ ਰਿਲਾਏਬਲ ਸਰਵਸਿਸ ਜਲੰਧਰ ਨੇ ਵਿਸ਼ੇ ਅਧੀਨ ਟੈਂਡਰ ਦੀ ਵਿੱਤੀ ਬਿਡ ਵਿੱਚ ਦੇਣਯੋਗ ਪ੍ਰੋਫਿਟ 2.50% ਤੋ 1.70% ਛੂਟ ਦਿੱਤੀ ਹੈ, ਯਾਨੀਕਿ ਇਹ ਅਜੰਸੀ ਕੰਟਰੈਕਟਰ ਪ੍ਰੋਫਿਟ 0.80% ਲਵੇਗੀ, ਜਿਸ ਅਨੁਸਾਰ ਟੈਂਡਰ ਦਾ ਖਰਚਾ ਤਖਮੀਨਾ ਰੁਪਏ 89,12,208/- ਦੇ ਵਿਰੁੱਧ ਰੁਪਏ 87,60,700/- ਬਣਦਾ ਹੈ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 14.8.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 19.8.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
19.8.2019

**ਮਤਾ ਨੰਬਰ:-134**

ਵਿਸ਼ਾ:- ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ ਅਧੀਨ ਅਰਬਨ ਲੋਕਲ ਬਾਡੀਜ਼ ਨੂੰ ਸਬੰਧਤ ਡਿਪਟੀ ਕਮਿਸ਼ਨਰਾਂ ਰਾਹੀਂ ਪੀ.ਆਈ.ਡੀ.ਬੀ ਵੱਲੋਂ ਜਾਰੀ ਕੀਤੇ ਜਾਣ ਵਾਲੇ ਫੰਡਜ਼ ਅਧੀਨ ਵਿਧਾਨ ਸਭਾ ਹਲਕਾ ਜਲੰਧਰ ਸੈਂਟਰਲ ਦੇ ਵੱਖ-ਵੱਖ ਵਾਰਡਾਂ ਵਿੱਚ ਲਗਾਇਆ ਜਾਣ ਵਾਲੀਆਂ ਐਲ.ਈ.ਡੀ ਲਾਇਟਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਸਬੰਧੀ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 76,44,000/- ਪ੍ਰਾਪਤ ਕੁੱਲ ਟੈਂਡਰ 3 ਸੇਵਿੰਗ 31.31%
ਟੈਂਡਰ ਅਮਾਊਂਟ ਰੁਪਏ 52,50663/- ਅਜੰਸੀ ਦਾ ਨਾਮ: ਸਰੀਨ ਕੰਟਰੈਕਟਰ
ਈ.ਪੀ.ਐਫ ਨੰ: LD JAL 1780911000

ਮਾਨਯੋਗ ਵਿਧਾਇਕ ਜਲੰਧਰ ਸੈਂਟਰਲ ਸ੍ਰੀ ਰਜਿੰਦਰ ਬੇਰੀ ਜੀ ਨੇ ਪੱਤਰ ਨੰ: ਜੇ.ਏ.ਐਲ/1001 ਮਿਤੀ 28.01.19 ਅਤੇ ਮਾਨਯੋਗ ਵਿਧਾਇਕ ਜਲੰਧਰ ਵੈਸਟ ਸ੍ਰੀ ਸੁਸ਼ੀਲ ਕੁਮਾਰ ਰਿੰਕੂ ਜੀ ਨੇ ਅਪਣੇ ਪੱਤਰ ਨੰ: ਐਸ.ਕੇ.ਆਰ/339 ਮਿਤੀ 30.01.19 ਰਾਹੀਂ ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ ਅਧੀਨ ਅਰਬਨ ਲੋਕਲ ਬਾਡੀਜ਼ ਨੂੰ ਸਬੰਧਤ ਡਿਪਟੀ ਕਮਿਸ਼ਨਰਾਂ ਰਾਹੀਂ ਪੀ.ਆਈ.ਡੀ.ਬੀ ਵੱਲੋਂ ਜਾਰੀ ਕੀਤੇ ਜਾਣ ਵਾਲੇ ਫੰਡਜ਼ ਅਧੀਨ ਵਿਧਾਨ ਸਭਾ ਹਲਕਾ ਜਲੰਧਰ ਸੈਂਟਰਲ ਦੇ ਵੱਖ-ਵੱਖ ਵਾਰਡਾਂ ਵਿੱਚ ਲਗਾਇਆਂ ਜਾਣ ਵਾਲੀਆਂ ਐਲ.ਈ.ਡੀ ਲਾਇਟਾਂ ਦੇ ਤਖਮੀਨੇ ਬਣਾਉਣ ਲਈ ਨਗਰ ਨਿਗਮ ਨੂੰ ਕਿਹਾ ਸੀ। ਉਪਰੋਕਤ ਪੱਤਰਾਂ ਦੇ ਹਵਾਲੇ ਵਿੱਚ ਤਖਮੀਨੇ ਤਿਆਰ ਕੀਤੇ ਗਏ ਸਨ ਅਤੇ ਨਿਗਰਾਨ ਇੰਜੀਨੀਅਰ (ਲਾਇਟ) ਦੇ ਪੱਤਰ ਨੰ: 177/ਐਸ.ਈ/ਐਲ ਮਿਤੀ 13.02.19 ਰਾਹੀਂ ਇੰਜੀਨੀਅਰ ਇਨ ਚੀਫ ਸਥਾਨਕ ਸਰਕਾਰ ਵਿਭਾਗ ਪੰਜਾਬ ਨੂੰ ਵੱਟ ਕਰਨ ਲਈ ਭੇਜੇ ਗਏ ਸਨ। ਚੀਫ ਇੰਜੀਨੀਅਰ ਓ.ਐਂਡ.ਐਮ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: CE(O&M);PMIDC: 2019:1412 dt 15.02.19 ਰਾਹੀਂ ਨਗਰ ਨਿਗਮ ਵੱਲੋਂ ਭੇਜੇ ਗਏ ਪੱਤਰ ਦੇ ਹਵਾਲੇ ਵਿੱਚ ਉਹਨਾ ਵੱਲੋਂ ਤਖਮੀਨਾ ਭੇਜ਼ ਦਿੱਤਾ ਗਿਆ ਹੈ।

ਚੀਫ ਇੰਜੀਨੀਅਰ ਸਥਾਨਕ ਸਰਕਾਰ ਵੱਲੋਂ ਵੱਟ ਕੀਤੇ ਹੋਏ ਤਖਮੀਨਿਆਂ ਦੀ ਅਨੁਮਾਨਤ ਰਾਸ਼ੀ ਰੁਪਏ 76.44 ਲੱਖ ਬਣਦੀ ਹੈ। ਇਸ ਵੱਟ ਕੀਤੇ ਹੋਏ ਤਖਮੀਨੇ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਵੱਲੋਂ ਮਿਤੀ 02.03.19 ਰਾਹੀਂ ਦਿੱਤੀ ਹੈ। ਇਸ ਕੰਮ ਦੇ ਈ-ਟੈਂਡਰ ਟੂ ਸਟੇਜ਼ ਸਿਸਟਮ ਰਾਹੀਂ ਮਿਤੀ 24.07.19 ਲਈ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਸਰੀਨ ਕੰਟਰੈਕਟਰ ਜਲੰਧਰ ਦਾ ਰੇਟ ਬਾਕੀ ਠੇਕੇਦਾਰਾਂ ਨਾਲੋ ਘੱਟ ਪਾਇਆ ਗਿਆ। ਮੈ: ਸਰੀਨ ਕੰਟਰੈਕਟਰ ਜਲੰਧਰ ਨੇ 31.31% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 76,44,000/- ਦਾ ਕੰਮ ਰੁਪਏ 52,50,663/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਹੈ।ਨਿਗਰਾਨ ਇੰਜੀਨੀਅਰ (ਲਾਇਟ)ਨੇ ਮਿਤੀ 16.8.19 ਰਾਹੀਂ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ।

ਮਾਣਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
19.8.2019

**ਮਤਾ ਨੰਬਰ:-135**

ਵਿਸ਼ਾ :- ਕੰਸਟਰਕਸ਼ਨ ਆਫ ਸੈਂਟਰ ਫਾਰ ਕੰਮਪੋਸਟਿੰਗ, ਬਿਨਸ, ਐਮ.ਆਰ.ਐਫ., ਬਾਉਂਡਰੀ ਵਾਲ ਇੰਨਕਲਿਊਡਿੰਗ ਸ਼ੈਡ.ਇੰਨ ਵਿਲਜ਼ ਬੜਿੰਗ, ਜੀ.ਟੀ. ਰੋਡ।(ਤਖ਼ਮੀਨਾ ਸੋਧਣ ਅਤੇ ਸਾਈਟ ਚੇਂਜ ਕਰਨ ਬਾਰੇ)

ਹਵਾਲਾ :- ਇਲਾਕਾ ਕੌਂਸਲਰ ਵੱਲੋ ਦਿੱਤਾ ਗਿਆ ਬੇਨਤੀ ਪੱਤਰ।

ਪੜ੍ਹਿਆ ਦਫ਼ਤਰੀ ਨੋਟ ਬੀ.ਐਂਡ.ਆਰ. ਸ਼ਾਖਾ ਜਿਸ ਦੀ ਸਿਫਾਰਿਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਨੇ ਕੀਤੀ ਹੈ ਕਿ ਵਿਸ਼ੇ ਅਧੀਨ ਕੰਮ ਦਾ ਵਰਕ ਆਰਡਰ ਨੰ: ਜੀ33-ਸੀ.ਈ.(ਬੀ.ਐਂਡ.ਆਰ) ਮਿਤੀ : 1.07.2019 ਰਾਹੀ ਸ਼੍ਰੀ ਰਾਜੇਸ਼ ਬਾਂਸਲ ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ। ਇਸ ਕੰਮ ਦੇ ਤਖਮੀਨੇ ਦੀ ਪ੍ਰਵਾਨਗੀ ਮਾਨਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੇਅਰ ਜੀ ਵੱਲੋ ਮਿਤੀ : 9.05.2019 ਰਾਹੀ ਦਿੱਤੀ ਗਈ ਸੀ ਅਤੇ ਇਸ ਕੰਮ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵੱਲੋ ਆਪਣੇ ਮਤਾ ਨੰ: 97, ਮਿਤੀ : 28.06.2019 ਰਾਹੀ ਪ੍ਰਵਾਨ ਕੀਤਾ ਗਿਆ ਸੀ। ਇਸ ਕੇਸ ਸਬੰਧੀ ਠੇਕੇਦਾਰ ਏਜੰਸੀ ਵੱਲੋ ਮੌਕੇ ਤੇ ਕੰਮ ਸ਼ੁਰੂ ਕੀਤਾ ਪਰ ਇਲਾਕਾ ਨਿਵਾਸੀਆਂ ਅਤੇ ਇਲਾਕਾ ਕੌਂਸਲਰ ਵੱਲੋ ਇਹ ਮੰਗ ਕੀਤੀ ਗਈ ਕਿ ਵਿਸ਼ੇ ਅਧੀਨ ਸਾਇਟ ਦੀ ਜਗ੍ਹਾ ਇਸ ਦੇ ਨਾਲ ਹੀ ਜੀ.ਟੀ. ਰੋਡ ਤੇ ਰਾਗਾ ਮੋਟਰ ਦੇ ਨਜ਼ਦੀਕ ਦੀ ਸਾਇਟ ਜਿਆਦਾ ਢੁੱਕਵੀ ਹੈ ਅਤੇ ਉਸ ਜਗ੍ਹਾ ਤੇ ਪਹਿਲਾ ਹੀ ਕੂੜਾ ਆ ਰਿਹਾ ਹੈ। ਇਸ ਲਈ ਇਹ ਬਹਿਤਰ ਹੋਵੇਗਾ ਕਿ ਵਿਸ਼ੇ ਅਧੀਨ ਸਾਇਟ ਨੂੰ ਬਦਲ ਕੇ ਇਹ ਕੇਸ ਰਾਗਾ ਮੋਟਰ ਕੇ ਨਜ਼ਦੀਕ ਵਾਲੀ ਸਾਇਟ ਤੇ ਕੰਮ ਕਰਵਾਇਆ ਜਾਵੇ। ਇਹ ਕੰਮ ਉੱਚ-ਅਧਿਕਾਰੀਆਂ ਨਾਲ ਵਿਚਾਰਿਆ ਗਿਆ। ਵਿਚਾਰਨ ਤੋਂ ਬਾਅਦ ਉਨ੍ਹਾਂ ਵੱਲੋ ਸਾਇਟ ਚੇਂਜ਼ ਕਰਨ ਅਤੇ ਤਖਮੀਨਾ ਸੋਧ ਕਰਨ ਦੇ ਹੁਕਮ ਦਿੱਤੇ ਗਏ।

ਉਪਰੋਕਤ ਅਨੁਸਾਰ ਤਖਮੀਨਾਂ ਰੁ: 37,71,000/- ਸੋਧਿਆ ਗਿਆ ਹੈ, ਜਿਸ ਪ੍ਰਵਾਨਗੀ ਸੋਧੀ ਰਕਮ ਰੁਪਏ 37,71,000/- ਅਤੇ ਜਗ੍ਹਾ ਦੀ ਤਬਦੀਲੀ ਲਈ ਕੰਮ ਵਿੱਤ ਅਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਲਈ ਭੇਜਿਆ ਜਾਣਾ ਜਰੂਰੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ : 9.08.2019 ਰਾਹੀ ਉਪਰੋਕਤ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਤਖਮੀਨਾ ਸੋਧਣ ਅਤੇ ਸਾਇਟ ਬਦਲੀ ਕਰਨ ਲਈ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 14.08.2019 ਰਾਹੀ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
19.8.2019

ਮਤਾ ਨੰਬਰ:-136

ਵਿਸ਼ਾ:- ਪੰਜਾਬ ਅਰਬਨ ਇਨਵਾਇਰਨਮੈਂਨ ਇੰਮਪਰੂਵਮੈਂਟ ਪ੍ਰੋਗਰਾਮ ਤਹਿਤ ਵਿਕਾਸ ਦੇ ਕੰਮਾਂ ਦੀ ਸੇਵਿੰਗ ਵਧਾਉਣ ਬਾਰੇ।

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 102 ਮਿਤੀ 25-07-2019

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ) ਕਿ ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਫੈਸਲੇ ਅਨੁਸਾਰ ਠੇਕੇਦਾਰਾਂ ਨੂੰ ਪੱਤਰ ਨੰ: ਐਸ.ਈ.(ਬੀ ਐਂਡ ਆਰ)-ਏ/53, 55, 57, 59, 61, 63 ਮਿਤੀ 29-07-2019 ਰਾਹੀਂ ਨੈਗੋਸੀਏਸ਼ਨ ਲਈ ਬੁਲਾਇਆ ਗਿਆ ਅਤੇ ਰੇਟ ਘਟਾਉਣ ਲਈ ਲਿਖਿਆ। ਜਿਸ ਸਬੰਧੀ ਠੇਕੇਦਾਰ ਪ੍ਰਧਾਨ ਸ੍ਰੀ ਅਵਤਾਰ ਸਿੰਘ ਅਤੇ ਸੁਸਾਇਟੀਆਂ ਦੇ ਪ੍ਰਧਾਨ ਸੀ ਵਿਜੇ ਕੁਮਾਰ ਅਤੇ ਹੋਰ ਠੇਕੇਦਾਰਾਂ ਵੱਲੋ ਵੱਖ- ਵੱਖ ਪੱਤਰਾਂ ਰਾਹੀਂ ਲਿਖਤ ਦਿੱਤਾ ਗਿਆ ਹੈ ਕਿ ਮਾਰਕਿਟ ਵਿੱਚ ਮਟੀਰੀਅਲ ਜਿਵੇ ਕਿ ਸੀਮੇਟ, ਇੱਟਾਂ ਅਤੇ ਰੇਤਾ ਦੇ ਰੇਟ ਵੀ ਵੱਧ ਗਏ ਹਨ ਜ਼ੋ ਕਿ ਹੋਰ ਵੀ ਵੱਧਣ ਦੀ ਆਸ ਹੈ। ਇਸ ਲਈ ਇਨ੍ਹਾਂ ਕੰਮਾਂ ਦੇ ਟੈਂਡਰ ਪਹਿਲਾਂ ਹੀ ਪਾਈ ਸੇਵਿੰਗ ਤੇ ਅਲਾਟ ਕੀਤੇ ਜਾਣ ਜਾਂ ਫਿਰ ਟੈਂਡਰ ਰੱਦ ਕੀਤੇ ਜਾਣ।

ਵਿਸ਼ੇ ਅਧੀਨ ਕੰਮਾਂ ਲਈ ਹਵਾਲੇ ਅਧੀਨ ਮਤੇ ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵੱਲੋ ਹੇਠ ਲਿਖਿਆ ਫੈਸਲਾ ਲਿਆ ਗਿਆ ਸੀ:-

***" ਵਿਚਾਰਣ ਉਪਰੰਤ ਫੈਸਲਾ ਹੋਇਆ ਹੈ ਕਿ ਮੱਦ ਵਿੱਚ ਦਰਜ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ। ਇਹ ਵੀ ਫੈਸਲਾ ਹੋਇਆ ਕਿ ਲੜੀ ਨੰ. 7 ਤੋਂ 20 ਤੱਕ ਦੇ ਟੈਂਡਰਾਂ ਸਬੰਧੀ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਸਬੰਧਤ ਠੇਕੇਦਾਰ ਅਜੰਸੀਆਂ ਨਾਲ ਹੋਰ ਘੱਟ ਰੇਟ ਘਟਾਉਣ ਲਈ ਨੈਗੋਸਿਏਸ਼ਨ ਕਰ ਲੈਣ ਅਤੇ ਕਮੇਟੀ ਨੂੰ ਉਸ ਬਾਬਤ ਜਾਣਕਾਰੀ ਦੇ ਦਿੱਤੀ ਜਾਵੇ।"***

ਉਕਤ ਸਬੰਧੀ ਠੇਕੇਦਾਰਾਂ ਦੇ ਉਪਰੋਕਤ ਪੱਤਰਾਂ ਦੇ ਸਨਮੁੱਖ ਜੇਕਰ ਪ੍ਰਵਾਨ ਹੋਵੇ ਤਾਂ ਠੇਕੇਦਾਰਾਂ ਵੱਲੋ ਪਹਿਲਾਂ ਟੈਂਡਰਾਂ ਵਿਚ ਭਰੀ ਸੇਵਿੰਗ ਅਨੁਸਾਰ ਹੀ ਵਰਕ ਆਰਡਰ ਜਾਰੀ ਕਰਨ ਦੇ ਹੁਕਮ ਕੀਤੇ ਜਾਣ ਜਾਂ ਇਹ ਟੈਂਡਰ ਰੱਦ ਕੀਤੇ ਜਾਣ ਅਤੇ ਇਹ ਜਾਣਕਾਰੀ ਵਿੱਤ ਅਤੇ ਠੇਕਾ ਕਮੇਟੀ ਨੂੰ ਭੇਜਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ) ਨੇ ਮਿਤੀ 6.8.19 ਰਾਹੀਂ ਲਿਖਿਆ ਹੈ ਕਿ ਉਹਨਾਂ ਵਲੋਂ ਮਾਮਲਾ ਕਮਿਸ਼ਨਰ ਜੀ ਨਾਲ ਮਿਤੀ 6.8.19 ਨੂੰ ਵਿਚਾਰਿਆ ਗਿਆ ਹੈ । ਵਰਕ ਆਰਡਰ ਜਾਰੀ ਕਰ ਦਿੱਤੇ ਜਾਣ ।

ਮਾਣਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਜਾਣਕਾਰੀ ਹਿੱਤ ਪੇਸ਼ ਹੈ ਜੀ।

ਫੈਸਲਾ:

ਵੇਖਿਆ ਗਿਆ ।

ਸਹੀ/-ਜਗਦੀਸ਼ ਰਾਜ ਰਾਜਾ,

ਮੇਅਰ

19.8.2019